ਪੜ੍ਹੋ ਪੰਜਾਬ

ਪੜ੍ਹਾਓ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

# ਉੱਡਦੇ-ਉੱਡਦੇ



ਸਕੂਲ ਸਿੱਖਿਆ ਵਿਭਾਗ, ਪੰਜਾਬ

ਪੜ੍ਹੋ ਪੰਜਾਬ

ਪੜ੍ਹਾਓ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

# ਉੱਡਦੇ-ਉੱਡਦੇ

ਲੇਖਕ
ਵਿੱਦਿਆ ਟਿੱਵਰੇ

ਪੰਜਾਬੀ ਅਨੁਵਾਦ
ਪਵਨਦੀਪ ਕੌਰ

ਚਿੱਤਰ
ਰਿਜੁਤਾ ਘਾਟੇ

ਚਿੱਤਰ ਸੰਪਾਦਕ
ਪਵਨਦੀਪ ਕੌਰ

ਮਾਂ ਦੀ ਕਹਾਣੀ ਸੁਣਦੇ-ਸੁਣਦੇ
ਹਰਮਨ ਨੂੰ ਗੂੜ੍ਹੀ ਨੀਂਦ ਆ ਗਈ।
ਸੁਫ਼ਨੇ ਵਿੱਚ ਉਹ ਉੱਡਣ ਲੱਗਿਆ।



ਉੱਡਦੇ-ਉੱਡਦੇ ਹਰਮਨ ਬਾਗ਼ ਵਿੱਚ ਆਇਆ।
ਉੱਥੇ ਉਸਨੂੰ ਇੱਕ ਤਿਤਲੀ ਮਿਲੀ।
ਤਿਤਲੀ ਨੇ ਪੁੱਛਿਆ, "ਕਿਉਂ ਬਈ ਕਿਵੇਂ ਲੱਗ ਰਿਹਾ ਹੈ?"
ਹਰਮਨ ਨੇ ਕਿਹਾ, "ਬਹੁਤ ਮਜ਼ਾ ਆ ਰਿਹਾ ਹੈ।"



ਉੱਡਦੇ-ਉੱਡਦੇ ਹਰਮਨ ਉੱਪਰ ਗਿਆ।
ਉੱਥੇ ਉਸਨੂੰ ਇੱਕ ਚਿੜੀ ਮਿਲੀ।
ਚਿੜੀ ਨੇ ਪੁੱਛਿਆ, "ਕਿਉਂ ਵੱਡੇ ਵੀਰ, ਕਿਵੇਂ ਲੱਗ ਰਿਹਾ ਹੈ?"
ਹਰਮਨ ਨੇ ਕਿਹਾ, "ਮਜ਼ਾ ਆ ਰਿਹਾ ਹੈ।"



ਉੱਡਦੇ-ਉੱਡਦੇ ਹਰਮਨ ਹੋਰ ਉੱਚਾ ਗਿਆ।
ਉੱਥੇ ਉਸਨੂੰ ਇੱਕ ਬਾਜ਼ ਮਿਲਿਆ।
ਬਾਜ਼ ਨੇ ਪੁੱਛਿਆ, "ਕਿਉਂ ਦੋਸਤ, ਕਿਵੇਂ ਲੱਗ ਰਿਹਾ ਹੈ?
ਹਰਮਨ ਬੋਲਿਆ, "ਮਜ਼ਾ ਆ ਰਿਹਾ ਹੈ।"



ਉੱਡਦੇ-ਉੱਡਦੇ ਹਰਮਨ ਹੋਰ ਵੀ ਉੱਪਰ ਗਿਆ।
ਉੱਥੇ ਉਸਨੂੰ ਇੱਕ ਹਵਾਈ ਜਹਾਜ਼ ਮਿਲਿਆ।
ਹਵਾਈ ਜਹਾਜ਼ ਨੇ ਪੁੱਛਿਆ, "ਕਿਉਂ ਸਾਹਬ ਕਿਵੇਂ ਲੱਗ ਰਿਹਾ ਹੈ?"
ਹਰਮਨ ਬੋਲਿਆ, "ਮਜ਼ਾ ਆ ਰਿਹਾ ਹੈ।"



ਉੱਡਦੇ-ਉੱਡਦੇ ਹਰਮਨ ਬਹੁਤ ਉੱਪਰ ਪਹੁੰਚਿਆ।
ਉੱਥੇ ਉਸਨੂੰ ਇੱਕ ਰਾਕੇਟ ਮਿਲਿਆ।
ਰਾਕੇਟ ਨੇ ਪੁੱਛਿਆ, "ਕਿਉਂ ਸਰ, ਕਿਵੇਂ ਲੱਗ ਰਿਹਾ ਹੈ?"
ਹਰਮਨ ਨੇ ਕਿਹਾ, "ਮਜ਼ਾ ਆ ਰਿਹਾ ਹੈ।"



ਉੱਡਦੇ-ਉੱਡਦੇ ਹਰਮਨ ਹੋਰ ਵੀ ਉੱਪਰ ਜਾਣ ਲੱਗਿਆ।
ਇੱਧਰ-ਉੱਧਰ ਦੇਖਣ ਲੱਗਿਆ।
ਅਸਮਾਨ ਵਿੱਚ ਤਾਰੇ ਚਮਕ ਰਹੇ ਸਨ,
ਕੁਝ ਛੋਟੇ, ਕੁਝ ਵੱਡੇ।
ਹਰਮਨ ਨੂੰ ਦੇਖ ਕੇ ਉਹ ਮੁਸਕੁਰਾਉਣ ਲੱਗੇ।
ਪਰ ਹਰਮਨ ਨੇ ਆਪਣੇ-ਆਪ ਉਨ੍ਹਾਂ ਨੂੰ ਦੱਸ ਦਿੱਤਾ,
"ਹੁਣ ਤਾਂ ਬਹੁਤ ਹੀ ਚੰਗਾ ਲੱਗ ਰਿਹਾ ਹੈ।"



ਮਾਂ ਨੇ ਹਰਮਨ ਨੂੰ ਜਗਾਇਆ ਅਤੇ ਕਿਹਾ, "ਜਾਗੋ, ਬੇਟਾ!"
ਹਰਮਨ ਨੇ ਮਾਂ ਨੂੰ ਪਿਆਰ ਕੀਤਾ
ਅਤੇ ਬੋਲਿਆ, "ਸਭ ਤੋਂ ਚੰਗਾ ਹੁਣ ਲੱਗ ਰਿਹਾ ਹੈ।"



ਸਾਰੇ ਬੱਚਿਆਂ ਵਿੱਚ ਉੱਚੇ ਅਸਮਾਨ ਨੂੰ ਛੂਹਣ ਦੀ ਇੱਛਾ ਹੁੰਦੀ ਹੈ। ਸ਼ਾਇਦ ਇਸੇ ਕਾਰਨ ਇਸ ਕਹਾਣੀ ਵਿੱਚ ਬੱਚਾ ਸੁਪਨੇ ਵਿੱਚ ਅਸਮਾਨ ਵਿੱਚ ਉੱਡਦਾ ਹੈ।

***Udade Udade*** (Punjabi) translated by Pawandeep Kaur, text and illustrations adapted from ***Udate Udate*** (Hindi) translated by Pratham Books Team based on original story ***Tarangat Tarangat*** (Marathi), written by Vidya Tiware, illustrated by Rijuta Ghate, supported by Dubai Creek Round Table, Dubai UAE, published by Pratham Books (© Pratham Books, 2015) under a CC BY 4.0 license on StoryWeaver. Read, create and translate stories for free on www.storyweaver.org.in

PRATHAM BOOKS storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

PRATHAM BOOKS
A Book in Every Child's Hand

Pratham Books is a not-for-profit organization that publishes books in multiple Indian languages to promote reading among children.

PRATHAM

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ–ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼–8, ਐਸ.ਏ.ਐਸ ਨਗਰ, ਮੁਹਾਲੀ